# Telephonic conversation between Prime Minister and His Excellency Mahinda Rajapaksa, Prime Minister of Sri Lanka

May 27, 2020

---

# ਪ੍ਰਧਾਨ ਮੰਤਰੀ ਅਤੇ ਸ਼੍ਰੀ ਲੰਕਾ ਦੇ ਪ੍ਰਧਾਨ ਮੰਤਰੀ ਮਹਾਮਹਿਮ ਮਹਿੰਦਰ ਰਾਜਪਕਸ਼ੇ ਵਿਚਕਾਰ ਟੈਲੀਫੋਨ 'ਤੇ ਗੱਲਬਾਤ

27 ਮਈ, 2020

ਪ੍ਰਧਾਨ ਮੰਤਰੀ ਨੇ ਸ਼੍ਰੀ ਲੰਕਾ ਦੇ ਪ੍ਰਧਾਨ ਮੰਤਰੀ ਮਹਾਮਹਿਮ ਮਹਿੰਦਰ ਰਾਜਪਕਸ਼ੇ ਨੂੰ ਅੱਜ ਸ਼੍ਰੀ ਲੰਕਾਈ ਸੰਸਦ ਵਿਚ ਉਨ੍ਹਾਂ ਦੇ ਪ੍ਰਵੇਸ਼ ਦੇ 50 ਸਾਲ ਪੂਰੇ ਹੋਣ 'ਤੇ ਵਧਾਈ ਦੇਣ ਲਈ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਰਾਜਪਕਸ਼ੇ ਦੁਆਰਾ ਸ਼੍ਰੀ ਲੰਕਾ ਅੰਦਰ ਆਪਣੇ ਲੰਮੇ ਰਾਜਨੀਤਿਕ ਜੀਵਨ ਦੌਰਾਨ ਇਸਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਭਵਿੱਖ ਲਈ ਆਪਣੀਆਂ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ।

ਪ੍ਰਧਾਨ ਮੰਤਰੀ ਨੇ ਸ਼੍ਰੀ ਲੰਕਾ ਵਿਚ ਭਾਰਤੀ ਮੂਲ ਦੇ ਤਮਿਲਾਂ ਦੇ ਪ੍ਰਮੁੱਖ ਨੇਤਾ ਸ਼੍ਰੀ ਅਰੁਮੁਗਨ ਥੌਂਡਮੈਨ ਦੀ ਕੱਲ੍ਹ ਹੋਈ ਅਚਾਨਕ ਅਤੇ ਅਚਨਚੇਤ ਮੌਤ ’ਤੇ ਵੀ ਸੋਗ ਪ੍ਰਗਟ ਕੀਤਾ। ਪ੍ਰਧਾਨ ਮੰਤਰੀ ਨੇ ਸ਼੍ਰੀ ਥੌਂਡਮੈਨ ਦੁਆਰਾ ਭਾਰਤ ਅਤੇ ਸ਼੍ਰੀ ਲੰਕਾ ਦਰਮਿਆਨ ਵਿਕਾਸ ਦੀ ਭਾਈਵਾਲੀ ਨੂੰ ਅੱਗੇ ਵਧਾਉਣ ਵਿੱਚ ਉਨ੍ਹਾਂ ਵੱਲੋਂ ਨਿਭਾਈ ਭੂਮਿਕਾ ਨੂੰ ਯਾਦ ਕੀਤਾ।

ਦੋਨਾਂ ਨੇਤਾਵਾਂ ਨੇ ਮੌਜੂਦਾ COVID-19 ਮਹਾਂਮਾਰੀ ਦੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵਾਂ ਅਤੇ ਦੋਵਾਂ ਦੇਸ਼ਾਂ ਵੱਲੋਂ ਇਨ੍ਹਾਂ ਨਾਲ ਨਜਿੱਠਣ ਲਈ ਕੀਤੇ ਜਾ ਰਹੇ ਉਪਾਵਾਂ ਬਾਰੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਮਹਾਮਹਿਮ ਰਾਜਪਕਸ਼ੇ ਨੂੰ ਭਰੋਸਾ ਦਿੱਤਾ ਕਿ ਭਾਰਤ ਇਸ ਔਖੀ ਘੜੀ ਵਿਚ ਸ਼੍ਰੀ ਲੰਕਾ ਨੂੰ ਹਰ ਮੁਮਕਿਨ ਮਦਦ ਦੇਣ ਲਈ ਤਿਆਰ ਬਾਰ ਤਿਆਰ  ਹੈ।

ਨਵੀਂ ਦਿੱਲੀ
27 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.